**ਬ੍ਰਿਸਟਲ ਸਿਟੀ ਕਾਉਂਸਿਲ (Bristol City Council) ਤੋਂ ਮਹੱਤਵਪੂਰਨ ਸੁਨੇਹਾ:**

- ਕਿਰਪਾ ਕਰਕੇ COVID-19 ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਜਾਓ/ਆਓ। ਜਨਤਕ ਆਵਾਜਾਈ ਤੋਂ ਬਚਣ ਦੀ ਸਲਾਹ ਦਿੱਤੀ ਜਾਂਦੀ ਹੈ ਇਸ ਲਈ ਜੇ ਹੋ ਸਕੇ ਤਾਂ ਕਿਰਪਾ ਕਰਕੇ ਤੁਰ ਕੇ/ਸਾਈਕਲ 'ਤੇ ਸਕੂਲ ਜਾਣ ਦੀ ਕੋਸ਼ਿਸ਼ ਕਰੋ, ਦੂਜਿਆਂ ਤੋਂ ਦੂਰੀ ਬਣਾ ਕੇ ਰੱਖੋ, ਅਤੇ ਇਹ ਪੱਕਾ ਕਰੋ ਕਿ ਲੋੜ ਪੈਣ 'ਤੇ ਤੁਸੀਂ ਚਿਹਰੇ ਨੂੰ ਢੱਕਦੇ ਹੋ। ਜਿਥੇ ਵੀ ਸੰਭਵ ਹੋਵੇ, ਤੁਹਾਡੇ ਘਰ ਜਾਂ ਸਹਾਇਤਾ ਦਾਇਰੇ ਤੋਂ ਬਾਹਰ ਦੇ ਲੋਕਾਂ ਨਾਲ ਕਾਰ ਵਿੱਚ ਇਕੱਠੇ ਯਾਤਰਾ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

- ਸਕੂਲ ਦੇ ਅੰਦਰ ਅਤੇ ਬਾਹਰ ਸਮਾਜਕ ਦੂਰੀਆਂ ਬਾਰੇ ਸੇਧ ਵੱਖਰੀ ਹੈ। ਸਕੂਲ ਵਿੱਚ ਹੋਣ ਵੇਲੇ, ਤੁਹਾਡਾ ਬੱਚਾ ਆਪਣੀ ਕਲਾਸ ਦੇ ਦਾਇਰੇ ਦੇ ਨਾਲ ਰਲ-ਮਿਲ ਸਕਦਾ ਹੈ, ਕਿਉਂਕਿ ਸੁਰੱਖਿਆ ਉਪਾਅ ਲਾਗੂ ਹਨ। ਇਹ ਜ਼ਰੂਰੀ ਹੈ ਤਾਂ ਜੋ ਅਸੀਂ ਬੱਚਿਆਂ ਅਤੇ ਨੌਜਵਾਨਾਂ ਦਾ ਸਕੂਲ ਆਉਣਾ ਜਾਰੀ ਰੱਖ ਸਕੀਏ। ਹਾਲਾਂਕਿ, ਇਹ ਉਪਾਅ ਸਕੂਲ ਤੋਂ ਬਾਹਰ ਲਾਗੂ **ਨਹੀਂ** ਹਨ, ਇਸ ਲਈ ਕਿਰਪਾ ਕਰਕੇ ਇਹ ਪੱਕਾ ਕਰੋ ਕਿ ਤੁਸੀਂ ਅਤੇ ਤੁਹਾਡਾ ਬੱਚਾ ਸਕੂਲ ਦੀ ਇਮਾਰਤ ਵਿੱਚ ਨਾ ਹੋਣ ਵੇਲੇ ਵਰਤਮਾਨ ਸਰਕਾਰੀ ਸੇਧ ਦੀ ਪਾਲਣਾ ਕਰਦੇ ਹੋ

- ਸਕੂਲ ਦੇ ਗੇਟਾਂ ਦੇ ਬਾਹਰ ਫੈਲਾਅ ਨੂੰ ਘੱਟ ਕਰਨ ਲਈ ਸਮਾਜਕ ਦੂਰੀਆਂ ਬਹੁਤ ਜ਼ਰੂਰੀ ਹਨ। ਕਿਰਪਾ ਕਰਕੇ ਆਪਣੇ ਬੱਚੇ ਨੂੰ ਛੱਡਣ ਜਾਂ ਲੈਣ ਵੇਲੇ ਇਕੱਠੇ **ਨਾ** ਹੋਵੋ ਜਾਂ ਘੁਲੋ-ਮਿਲੋ ਨਾ

- ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਵਾਇਰਸ ਦੇ ਲੱਛਣ ਹੁੰਦੇ ਹਨ, ਤਾਂ ਤੁਹਾਨੂੰ/ਉਹਨਾਂ ਨੂੰ ਸਕੂਲ **ਬਿਲਕੁਲ ਨਹੀਂ** ਜਾਣਾ ਚਾਹੀਦਾ। ਘਰ ਵਿੱਚ ਰਹੋ, ਆਪਣੇ ਆਪ ਨੂੰ ਵੱਖਰਾ ਕਰੋ ਅਤੇ ਜਾਂਚ ਕਰਵਾਓ। ਲੱਛਣਾਂ ਵਿੱਚ ਨਵੀਂ ਨਿਰੰਤਰ ਖੰਘ, ਤੇਜ਼ ਬੁਖ਼ਾਰ ਅਤੇ ਤੁਹਾਡੇ ਸੁਆਦ/ਸੁੰਘਣ ਦੀ ਸ਼ਕਤੀ ਵਿੱਚ ਕਮੀ ਜਾਂ ਤਬਦੀਲੀ ਸ਼ਾਮਲ ਹੈ

- ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਆਪਣੇ-ਆਪ ਨੂੰ ਅਲੱਗ ਰੱਖਣ ਲਈ ਕਿਹਾ ਜਾਂਦਾ ਹੈ, ਤਾਂ ਤੁਹਾਨੂੰ/ਉਹਨਾਂ ਨੂੰ ਕਿਸੇ ਵੀ ਸਥਿਤੀ ਵਿੱਚ ਘਰ ਤੋਂ ਬਾਹਰ **ਬਿਲਕੁਲ ਨਹੀਂ** ਨਿਕਲਣਾ ਚਾਹੀਦਾ ਅਤੇ ਇਸ ਸਮੇਂ ਦੌਰਾਨ ਤੁਹਾਡੇ ਦੋਸਤ ਅਤੇ ਪਰਿਵਾਰ ਮਿਲਣ ਨਹੀਂ ਆ ਸਕਦੇ ਹਨ। ਅਸੀਂ ਆਖਰੀ ਮਿੰਟ ਦੀਆਂ ਕਾਲਾਂ ਜਾਂ ਤਬਦੀਲੀਆਂ ਨੂੰ ਅਪਣਾਉਣ ਵਿੱਚ ਤੁਹਾਡੀ ਨਿਰਾਸ਼ਾ ਨੂੰ ਸਮਝਦੇ ਹਾਂ ਜੋ ਤੁਹਾਨੂੰ/ਤੁਹਾਡੇ ਬੱਚੇ ਨੂੰ ਆਪਣੇ ਆਪ ਨੂੰ ਅਲੱਗ ਰੱਖਣ ਲਈ ਕਹਿੰਦੀਆਂ ਹਨ ਅਤੇ ਤੁਹਾਡੇ ਨਿਰੰਤਰ ਸਹਿਯੋਗ ਲਈ ਤੁਹਾਡਾ ਧੰਨਵਾਦ।

**ਸਾਂਝਾ ਕਰਨ ਲਈ ਲਿੰਕ**

- COVID-19 ਦੇ ਦੌਰਾਨ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਕਾਉਂਸਿਲ ਦੀ ਸੇਧ ਇੱਥੇ ਹੈ
- ਲੌਕਡਾਊਨ ਦੌਰਾਨ ਵੱਖ-ਵੱਖ ਭਾਸ਼ਾਵਾਂ ਵਿੱਚ ਪਾਲਣਾ ਨੂੰ ਉਤਸ਼ਾਹਿਤ ਕਰਨ ਵਾਲੇ ਕਾਉਂਸਿਲ ਦੇ ਵੀਡੀਓ ਇੱਥੇ ਹਨ
- ਕਾਉਂਸਿਲ ਦੀ ਮੁਫ਼ਤ ਅਸੀਂ ਬ੍ਰਿਸਟਲ ਹਾਂ (We Are Bristol) ਹੈਲਪਲਾਈਨ ਬਾਰੇ ਜਾਣਕਾਰੀ ਇੱਥੇ ਹੈ